# ਆਕਾਸ਼ਵਾਣੀ ਜਲੰਧਰ

# ਪ੍ਰਦੇਸ਼ਿਕ ਖਬਰਾਂ ਪੰਜਾਬੀ

**18:20**

**ਮਿਤੀ : 15-09-2025**

ਪਹਿਲਾ ਬੁਲੇਟਿਨ ਦੀਆਂ ਖਾਸ ਖਬਰਾ

- ਸਰਵਉੱਚ ਅਦਾਲਤ ਨੇ ਵਕਫ਼ ਕਾਨੂੰਨ 'ਤੇ ਰੋਕ ਲਗਾਉਣ ਤੋਂ ਇਨਕਾਰ ਕੀਤਾ -ਪਰ ਵਕਫ਼ ਸੋਧ ਐਕਟ 2025 ਦੇ ਕੁਝ ਉਪਬੰਧਾਂ ਨੂੰ ਕੀਤਾ ਮੁਅੱਤਲ ।
- ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ - ਗੰਨੇ ਦੀ ਬਕਾਇਆ ਰਾਸ਼ੀ ਜਲਦੀ ਜਾਰੀ ਕੀਤੀ ਜਾਵੇਗੀ-ਸਬੰਧਤ ਵਿਭਾਗਾਂ ਨੂੰ, ਕਿਸਾਨ ਸੰਗਠਨਾਂ ਦੀਆਂ ਜਾਇਜ਼ ਮੰਗਾਂ ਦੇ ਜਲਦ ਹੱਲ ਲਈ ਦਿੱਤੇ ਨਿਰਦੇਸ਼I
- ਸਿਹਤ ਮੰਤਰੀ ਡਾ. ਬਲਬੀਰ ਸਿੰਘ ਵੱਲੋਂ ਐਂਟੀ-ਬਾਇਓਟਿਕਸ ਦਵਾਈਆਂ ਦੀ ਲੋੜ ਤੋਂ ਵੱਧ ਵਰਤੋਂ ਨੂੰ ਰੋਕਣ ਲਈ ਵਿਆਪਕ ਯੋਜਨਾ ਦੀ ਸ਼ੁਰੂਆਤ I

- ਭਾਰਤੀ ਰਾਸ਼ਟਰੀ ਅਦਾਇਗੀ ਕਾਰਪੋਰੇਸ਼ਨ ਨੇ ਅੱਜ ਤੋਂ ਲਾਗੂ ਹੋਣ ਵਾਲੀਆਂ ਨਿਰਧਾਰਤ ਸ਼੍ਰੇਣੀਆਂ ਵਿੱਚ ਵਿਅਕਤੀ-ਤੋਂ-ਵਪਾਰੀ ਲੈਣ-ਦੇਣ ਲਈ ਪ੍ਰਤੀ-ਲੈਣ-ਦੇਣ ਹੱਦ ਵਧਾ ਕੇ 5 ਲੱਖ ਰੁਪਏ ਕੀਤੀ I ਅਤੇ
- ਦੂਰਦਰਸ਼ਨ ਅੱਜ ਆਪਣੀ ਸ਼ਾਨਦਾਰ ਯਾਤਰਾ ਦੇ 66 ਸਾਲ ਪੂਰੇ ਕਰ ਰਿਹਾ ਏ ।

**ਹੁਣ ਖਬਰਾਂ ਵਿਸਥਾਰ ਨਾਲ....**

---------------------------------------------------------------------------------

ਸਰਵਉੱਚ ਅਦਾਲਤ ਨੇ ਵਕਫ਼ ਕਾਨੂੰਨ 'ਤੇ ਰੋਕ ਲਗਾਉਣ ਤੋਂ ਇਨਕਾਰ ਕਰ ਦਿੱਤਾ ਏ ਪਰ ਵਕਫ਼ ਸੋਧ ਐਕਟ 2025 ਦੇ ਕੁਝ ਉਪਬੰਧਾਂ ਨੂੰ ਮੁਅੱਤਲ ਕਰ ਦਿੱਤਾ ਏ । ਕਿਸੇ ਵਿਅਕਤੀ ਨੂੰ ਆਪਣੀ ਜਾਇਦਾਦ, ਵਕਫ਼ ਬਣਾਉਣ ਤੋਂ ਪਹਿਲਾਂ ਪੰਜ ਸਾਲ ਲਈ ਮੁਸਲਿਮ ਧਰਮ ਦੀ ਪਾਲਣਾ ਕਰਨ ਦੀ ਲੋੜ ਵਾਲੀ ਧਾਰਾ 'ਤੇ, ਰੋਕ ਲਗਾ ਦਿੱਤੀ ਗਈ ਏ । ਸਰਵਉੱਚ ਅਦਾਲਤ ਨੇ ਹੁਕਮ ਦਿੱਤਾ ਏ ਕਿ ਇਹ ਧਾਰਾ ਉਦੋਂ ਤੱਕ ਮੁਅੱਤਲ ਰਹੇਗੀ ਜਦੋਂ ਤੱਕ ਸੂਬਾ ਸਰਕਾਰਾਂ ਇਸ ਸ਼ਰਤ ਦੇ ਨਿਰਧਾਰਨ ਸੰਬੰਧੀ ਕੋਈ ਢੁਕਵੇਂ ਨਿਯਮ ਨਹੀਂ ਬਣਾਉਂਦੀਆਂ। ਚੀਫ਼ ਜਸਟਿਸ ਬੀ.ਆਰ. ਗਵਈ ਅਤੇ ਜਸਟਿਸ ਔਗਸ-ਟੀਨ ਜਾਰਜ ਮਸੀਹ ਦੀ ਬੈਂਚ ਨੇ ਅੱਜ ਇਸ ਕਾਨੂੰਨ ਨੂੰ ਚੁਣੌਤੀ ਦੇਣ ਵਾਲੀਆਂ ਪਟੀਸ਼ਨਾਂ 'ਤੇ

ਆਪਣਾ ਫੈਸਲਾ ਸੁਣਾਇਆ । ਬੈਂਚ ਨੇ ਕਿਹਾ ਏ ਕਿ ਉਸਨੇ ਕਾਨੂੰਨ ਦੇ ਹਰ ਪਹਿਲੂ ਨੂੰ ਪਹਿਲੀ ਨਜ਼ਰੇ ਚੁਣੌਤੀ 'ਤੇ ਵਿਚਾਰ ਕੀਤਾ ਏ। ਬੈਂਚ ਨੇ ਕਿਹਾ ਏ ਕਿ ਪੂਰੇ ਕਾਨੂੰਨ 'ਤੇ ਰੋਕ ਲਗਾਉਣ ਦਾ ਕੋਈ ਮਾਮਲਾ ਨਹੀਂ ਏ।ਵਕਫ਼ ਬੋਰਡਾਂ ਵਿੱਚ ਗੈਰ-ਮੁਸਲਮਾਨ ਮੈਂਬਰਾਂ ਦੀ ਨਾਮਜ਼ਦਗੀ ਦੀ ਇਜਾਜ਼ਤ ਦੇਣ ਵਾਲੇ ਉਪਬੰਧ 'ਤੇ ਰੋਕ ਨਹੀਂ ਲਗਾਈ ਗਈ ਏ । ਹਾਲਾਂਕਿ, ਅਦਾਲਤ ਨੇ ਕਿਹਾ ਜਿੱਥੋਂ ਤੱਕ ਸੰਭਵ ਹੋਵੇ, ਬੋਰਡ ਦਾ ਸਾਬਕਾ ਮੈਂਬਰ, ਇੱਕ ਮੁਸਲਿਮ ਵਿਅਕਤੀ ਹੋਣਾ ਚਾਹੀਦਾ ਏ । ਅਦਾਲਤ ਨੇ ਕਿਹਾ ਕੇਂਦਰੀ ਵਕਫ਼ ਕੌਂਸਲ ਲਈ, ਇਸ ਵਿੱਚ 4 ਤੋਂ ਵੱਧ ਗੈਰ-ਮੁਸਲਿਮ ਮੈਂਬਰ ਨਹੀਂ ਹੋਣਗੇ, ਅਤੇ ਰਾਜ ਵਕਫ਼ ਬੋਰਡ ਲਈ, 3 ਤੋਂ ਵੱਧ ਗੈਰ-ਮੁਸਲਿਮ ਮੈਂਬਰ ਨਹੀਂ ਹੋਣਗੇ।

---------------------------------------------------------------------------

ਪੰਜਾਬ ਦੇ ਵਿੱਤ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਗੰਨਾ ਕਿਸਾਨ ਸੰਗਠਨਾਂ ਦੇ ਨੁਮਾਇੰਦਿਆਂ ਨੂੰ ਭਰੋਸਾ ਦਿੱਤਾ ਕਿ ਨਿੱਜੀ ਮਿੱਲਾਂ ਦੁਆਰਾ ਖਰੀਦੇ ਗਏ ਉਨ੍ਹਾਂ ਦੇ ਗੰਨੇ ਦੀ ਕੀਮਤ ਵਿੱਚ ਪੰਜਾਬ ਸਰਕਾਰ ਦੇ ਹਿੱਸੇ ਦੀ ਬਕਾਇਆ ਰਾਸ਼ੀ ਜਲਦੀ ਤੋਂ ਜਲਦੀ ਜਾਰੀ ਕਰ ਦਿੱਤੀ ਜਾਵੇਗੀ । ਇਸ ਦੌਰਾਨ ਕਿਸਾਨ ਸੰਗਠਨਾਂ ਨੇ ਇਸ ਮੀਟਿੰਗ ਅਤੇ ਭਰੋਸੇ ਲਈ ਵਿੱਤ ਮੰਤਰੀ ਦਾ ਧੰਨਵਾਦ ਕੀਤਾ। ਚੰਡੀਗੜ੍ਹ ਵਿਖੇ ਗੰਨਾ ਕਿਸਾਨ ਸੰਗਠਨਾਂ ਦੇ ਨੁਮਾਇੰਦਿਆਂ ਨਾਲ ਮੀਟਿੰਗ ਦੌਰਾਨ, ਵਿੱਤ ਮੰਤਰੀ

ਹਰਪਾਲ ਸਿੰਘ ਚੀਮਾ ਨੇ ਖੇਤੀਬਾੜੀ ਭਾਈਚਾਰੇ ਦੀ ਭਲਾਈ ਪ੍ਰਤੀ ਸੂਬਾ ਸਰਕਾਰ ਦੀ ਵਚਨਬੱਧਤਾ ਨੂੰ ਦੁਹਰਾਇਆ। ਉਨ੍ਹਾਂ ਨੇ ਅਦਾਇਗੀਆਂ ਵਿੱਚ ਕਿਸੇ ਵੀ ਦੇਰੀ ਕਾਰਨ ਗੰਨਾ ਉਤਪਾਦਕਾਂ ਨੂੰ ਹੋਣ ਵਾਲੀਆਂ ਵਿੱਤੀ ਮੁਸ਼ਕਲਾਂ ਨੂੰ ਸਮਝਦਿਆਂ ਭਰੋਸਾ ਦਿੱਤਾ ਕਿ ਸਰਕਾਰ ਬਕਾਇਆ ਅਦਾਇਗੀਆਂ ਦੀ ਅਦਾਇਗੀ ਲਈ ਜਲਦੀ ਕਾਰਵਾਈ ਕਰੇਗੀ । ਗੰਨਾ ਕਿਸਾਨਾਂ ਨਾਲ ਮੀਟਿੰਗ ਤੋਂ ਪਹਿਲਾਂ, ਵਿੱਤ ਮੰਤਰੀ ਨੇ ਗ੍ਰਾਮ ਪੰਚਾਇਤ ਜਲ ਸਪਲਾਈ ਪੰਪ ਆਪਰੇਟਰ ਐਸੋਸੀਏਸ਼ਨ ਤੇ ਪੰਜਾਬ ਪੁਲਿਸ ਕੋਰੋਨਾ ਵੱਖ-ਵੱਖ ਐਸੋਸੀਏਸ਼ਨਾਂ ਦੇ ਨੁਮਾਇੰਦਿਆਂ ਨਾਲ ਵਿਚਾਰ-ਵਟਾਂਦਰਾ ਕੀਤਾ। ਵਿੱਤ ਮੰਤਰੀ ਨੇ ਸਬੰਧਤ ਵਿਭਾਗਾਂ ਨੂੰ ਇੰਨ੍ਹਾਂ ਆਗੂਆਂ ਵੱਲੋਂ ਪੇਸ਼ ਕੀਤੀਆਂ ਸਾਰੀਆਂ ਜਾਇਜ਼ ਮੰਗਾਂ ਅਤੇ ਮੁੱਦਿਆਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕਰਨ ਦੇ ਨਿਰਦੇਸ਼ ਦਿੱਤੇ।

---------------------------------------------------------------------

ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਰੋਗਾਣੂਨਾਸ਼ਕ ਪ੍ਰਤੀਰੋਧ ਦੇ ਵਧ ਰਹੇ ਖ਼ਤਰੇ ਦੇ ਮੁਕਾਬਲੇ ਲਈ ਇੱਕ ਮਹੱਤਵਪੂਰਨ ਕਦਮ ਚੁੱਕਦਿਆਂ ਇਸਦੀ ਰੋਕਥਾਮ ਲਈ ਪੰਜਾਬ ਰਾਜ ਕਾਰਜ ਯੋਜਨਾ ਦੀ ਸ਼ੁਰੂਆਤ ਕੀਤੀ । ਇਸ ਨਾਲ ਪੰਜਾਬ ਭਾਰਤ ਦਾ ਸੱਤਵਾਂ ਅਤੇ ਖਿੱਤੇ ਦਾ ਮੋਹਰੀ ਸੂਬਾ ਬਣ ਗਿਆ ਏ ਜਿਸਨੇ ਐਂਟੀ-ਬਾਇਓਟਿਕਸ ਦੀ ਲੋੜੋਂ ਵੱਧ ਵਰਤੋਂ ਨੂੰ ਰੋਕਣ ਲਈ, ਇੱਕ ਸਮਰਪਿਤ

ਨੀਤੀ ਅਪਣਾਈ ਏ  ਜੋ ਕਿ ਇੱਕ ਗੰਭਰ ਆਲਮੀ ਸਿਹਤ ਚੁਣੌਤੀ ਏ ।
ਇਹ ਵਿਆਪਕ ਯੋਜਨਾ ਸੂਬੇ ਨੂੰ ਕੌਮੀ ਅਤੇ ਆਲਮੀ ਸਿਹਤ ਤਰਜੀਹਾਂ ਨਾਲ ਜੋੜਦਿਆਂ 'ਵਨ ਹੈਲਥ' ਪਹੁੰਚ ਨੂੰ ਅਪਨਾਉਣ 'ਤੇ ਕੇਂਦਰਿਤ ਏ , ਜੋ ਮਨੁੱਖੀ ਤੇ ਜਾਨਵਰਾਂ ਦੀ ਸਿਹਤ, ਖੇਤੀਬਾੜੀ ਅਤੇ ਵਾਤਾਵਰਣ ਖੇਤਰਾਂ ਵਿੱਚ ਯਤਨਾਂ ਨੂੰ ਇੱਕਜੁੱਟ ਕਰਦੀ ਏ ਤਾਂ ਜੋ ਏ.ਐਮ.ਆਰ ਚੁਣੌਤੀ ਦਾ ਸਮੂਹਿਕ ਯਤਨਾਂ ਨਾਲ ਮੁਕਾਬਲਾ ਕੀਤਾ ਜਾ ਸਕੇ। ਇਹ ਜਨਤਕ ਥਾਵਾਂ 'ਤੇ ਲਾਗ ਦੇ ਜੋਖਮਾਂ ਨੂੰ ਘਟਾਉਣ ਲਈ ਹਸਪਤਾਲਾਂ, ਕਲੀਨਿਕਾਂ ਅਤੇ ਰੇਹੜੀ ਫੜੀ ਵਾਲਿਆਂ ਫੜੀ ਵਿੱਚ ਸਫ਼ਾਈ ਅਤੇ ਸਿਹਤ ਦੇ ਉੱਚ ਮਿਆਰਾਂ ਨੂੰ ਲਾਜ਼ਮੀ ਬਣਾਉਂਦਾ ਏ । ਇਸ ਯੋਜਨਾ ਦਾ ਵਿਸ਼ੇਸ਼ ਧਿਆਨ ਇਕਜੁੱਟ ਕਾਰਵਾਈ ਲਈ ਸਿਹਤ, ਵੈਟਰਨਰੀ, ਖੇਤੀਬਾੜੀ ਅਤੇ ਖੁਰਾਕ ਸੁਰੱਖਿਆ ਵਿਭਾਗਾਂ ਦਰਮਿਆਨ ਮਜ਼ਬੂਤ ਅੰਤਰ-ਵਿਭਾਗੀ ਤਾਲਮੇਲ ਯਕੀਨੀ ਬਣਾਉਣਾ ਏ ।

---

ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੇ ਅੱਜ ਅੰਮ੍ਰਿਤਸਰ ਅਤੇ ਗੁਰਦਾਸਪੁਰ ਦੇ ਹੜ੍ਹ ਪ੍ਰਭਾਵਿਤ ਪਿੰਡਾਂ ਦਾ ਦੌਰਾ ਕੀਤਾ ਅਤੇ ਪੀੜਤ ਪਰਿਵਾਰਾਂ ਨਾਲ ਮੁਲਾਕਾਤ ਕੀਤੀ। ਫਿਰੋਜ਼ਪੁਰ ਦੇ ਜੀਰਾ ਅਤੇ ਕਪੂਰਥਲਾ ਦੇ ਸੁਲਤਾਨਪੁਰ ਲੋਧੀ ਦੇ ਲੋਕਾਂ ਨੇ ਵੀ, ਉਨ੍ਹਾਂ ਨਾਲ ਮੁਲਾਕਾਤ ਕੀਤੀ ਅਤੇ ਆਪਣੀਆਂ ਸਮੱਸਿਆਵਾਂ ਸਾਂਝੀਆਂ ਕੀਤੀਆਂ।

ਉਨ੍ਹਾਂ ਦੇ ਨਾਲ ਪੰਜਾਬ ਕਾਂਗਰਸ ਦੇ ਮੁਖੀ ਅਮਰਿੰਦਰ ਸਿੰਘ ਰਾਜਾ ਵੜਿੰਗ ਅਤੇ ਪੰਜਾਬ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਤੋਂ ਇਲਾਵਾ ਹੋਰ ਕਾਂਗਰਸੀ ਆਗੂ ਵੀ ਸਨ। ਉਨ੍ਹਾਂ ਨੇ ਅੰਮ੍ਰਿਤਸਰ ਦੇ ਰਾਮਦਾਸ ਵਿੱਚ ਸ੍ਰੀ ਬਾਬਾ ਬੁੱਢਾ ਜੀ ਦੇ ਗੁਰਦੁਆਰੇ ਵਿੱਚ ਵੀ ਮੱਥਾ ਟੇਕਿਆ। ਸੀਨੀਅਰ ਕਾਂਗਰਸੀ ਨੇਤਾ ਨੇ ਲੋਕਾਂ ਨੂੰ ਭਰੋਸਾ ਦਿੱਤਾ ਕਿ ਉਹ ਲੋਕਾਂ ਦੇ ਮੁੱਦੇ ਸਬੰਧਤ ਮੰਚਾਂ ਤੇ ਉਠਾਉਣਗੇ ।

---------------------------------------------------------------------------

ਭਾਰਤੀ ਰਾਸ਼ਟਰੀ ਅਦਾਇਗੀ ਕਾਰਪੋਰੇਸ਼ਨ-NPCI ਨੇ ਅੱਜ ਤੋਂ ਲਾਗੂ ਹੋਣ ਵਾਲੀਆਂ ਨਿਰਧਾਰਤ ਸ਼੍ਰੇਣੀਆਂ ਵਿੱਚ ਵਿਅਕਤੀ-ਤੋਂ-ਵਪਾਰੀ ਲੈਣ-ਦੇਣ ਲਈ ਪ੍ਰਤੀ-ਲੈਣ-ਦੇਣ ਹੱਦ ਵਧਾ ਕੇ 5 ਲੱਖ ਰੁਪਏ ਕਰ ਦਿੱਤੀ ਏ । ਯੂਨੀਫਾਈਡ ਪੇਮੈਂਟਸ ਇੰਟਰਫੇਸ (UPI) ਖਪਤਕਾਰ ਹੁਣ 24 ਘੰਟਿਆਂ ਦੇ ਅੰਦਰ 10 ਲੱਖ ਰੁਪਏ ਤੱਕ ਦੇ ਲੈਣ-ਦੇਣ ਕਰ ਸਕਦੇ ਹਨ, ਜਿਸ ਵਿੱਚ ਬੀਮਾ ਪ੍ਰੀਮੀਅਮ, ਪੂੰਜੀ ਬਾਜ਼ਾਰ, ਯਾਤਰਾ, ਸੰਗ੍ਰਹਿ ਅਤੇ ਸਰਕਾਰੀ ਈ-ਮਾਰਕੀਟ-ਪਲੇਸ ਵਰਗੀਆਂ ਸ਼੍ਰੇਣੀਆਂ ਲਈ ਪ੍ਰਮਾਣਿਤ ਵਪਾਰੀ ਸ਼ਾਮਲ ਨੇ । NPCI ਦੁਆਰਾ ਪਿਛਲੇ ਮਹੀਨੇ ਜਾਰੀ ਕੀਤੇ ਗਏ ਸਰਕੂਲਰ ਦੇ ਅਨੁਸਾਰ, ਪ੍ਰਤੀ-ਲੈਣ-ਦੇਣ ਹੱਦ 2 ਲਖ ਤੋਂ ਵਧਾ ਕੇ 5 ਲੱਖ ਰੁਪਏ ਕਰ ਦਿਤੀ ਗਈ ਏ ਜਿਸਦੀ ਵੱਧ ਤੋਂ ਵੱਧ ਹੱਦ 10 ਲੱਖ ਰੁਪਏ ਪ੍ਰਤੀਦਿਨ ਏ । ਹਾਲਾਂਕਿ, ਵਿਅਕਤੀ-ਤੋਂ-ਵਿਅਕਤੀ ਟ੍ਰਾਂਸਫਰ ਦੀ ਹੱਦ 1 ਲੱਖ ਰੁਪਏ

ਪ੍ਰਤੀ ਦਿਨ ਬਰਕਰਾਰ ਰਹੇਗੀ । ਪੂੰਜੀ ਬਾਜ਼ਾਰਾਂ ਅਤੇ ਬੀਮੇ ਵਿੱਚ ਨਿਵੇਸ਼ਾਂ ਲਈ, ਪ੍ਰਤੀ-ਲੈਣ-ਦੇਣ ਸੀਮਾ 2 ਲੱਖ ਰੁਪਏ ਤੋਂ ਵਧਾ ਕੇ 5 ਲੱਖ ਰੁਪਏ ਕਰ ਦਿੱਤੀ ਗਈ ਏ , ਵੱਧ ਤੋਂ ਵੱਧ 10 ਲੱਖ ਰੁਪਏ ਪ੍ਰਤੀ ਦਿਨ । ਵਿਅਕਤੀ-ਤੋਂ-ਵਪਾਰੀ ਲੈਣ-ਦੇਣ ਲਈ UPI ਹੱਦ ਵਿੱਚ ਇਹ ਵੱਡੀ ਸੋਧ, ਭਾਰਤੀ ਖਪਤਕਾਰਾਂ ਲਈ ਉੱਚ-ਮੁੱਲ ਵਾਲੀ ਡਿਜੀਟਲ ਅਦਾਇਗੀ ਨੂੰ ਆਸਾਨ ਅਤੇ ਵਧੇਰੇ ਸੁਰੱਖਿਅਤ ਬਣਾਉਣ ਲਈ ਤਿਆਰ ਕੀਤੀ ਗਈ ਏ ।

---------------------------------------------------------------------------------

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਇਸ ਆਜ਼ਾਦੀ ਦਿਵਸ 'ਤੇ ਲਾਲ ਕਿਲ੍ਹੇ ਦੀ ਫਸੀਲ ਤੋਂ ਦੀਵਾਲੀ ਤੱਕ ਜੀਐਸਟੀ ਸੁਧਾਰਾਂ ਦੀ ਅਗਲੀ ਪੀੜ੍ਹੀ ਦਾ ਐਲਾਨ ਕੀਤਾ। ਪ੍ਰਧਾਨ ਮੰਤਰੀ ਦਾ ਇਹ ਸੁਪਨਾ 3 ਸਤੰਬਰ ਨੂੰ ਸਾਕਾਰ ਹੋਇਆ ਜਦੋਂ ਜੀਐਸਟੀ ਕੌਂਸਲ ਨੇ ਆਮ ਆਦਮੀ 'ਤੇ ਕੇਂਦ੍ਰਿਤ ਦਰਾਂ ਨੂੰ ਤਰਕਸੰਗਤ ਬਣਾਉਣ ਨੂੰ ਮਨਜ਼ੂਰੀ ਦੇ ਦਿੱਤੀ। ਇਨ੍ਹਾਂ ਸੁਧਾਰਾਂ ਨੇ ਕਈ ਖੇਤਰਾਂ ਵਿੱਚ ਟੈਕਸ ਦਰਾਂ ਘਟਾ ਕੇ ਨਾਗਰਿਕਾਂ ਲਈ ਜੀਵਨ ਆਸਾਨ ਬਣਾ ਦਿੱਤਾ ਏ। ਇਹ ਸੁਧਾਰ ਇਸ ਮਹੀਨੇ ਦੀ 22 ਤਰੀਕ ਤੋਂ ਲਾਗੂ ਹੋਣਗੇ। ਅੱਜ ਅਸੀਂ ਆਯੁਰਵੇਦ, ਯੂਨਾਨੀ ਅਤੇ ਹੋਮਿਓਪੈਥੀ ਵਰਗੇ ਮੈਡੀਕਲ ਉਪਕਰਣਾਂ ਅਤੇ ਦਵਾਈਆਂ ਲਈ ਕੀਤੇ ਗਏ ਸੁਧਾਰਾਂ ਬਾਰੇ ਗੱਲ ਕਰਦੇ ਹਾਂ।ਪੇਸ਼ ਏ ਇੱਕ ਇੱਕ ਰਿਪੋਰਟ *:RNU150925*

*GST ਕੌਂਸਲ ਨੇ ਇਸ ਮਹੀਨੇ ਦੀ 3 ਤਰੀਕ ਨੂੰ ਅਗਲੀ ਪੀੜ੍ਹੀ ਦੇ ਜੀਐਸਟੀ ਸੁਧਾਰਾਂ ਦੀ ਇੱਕ ਲੜੀ ਦਾ ਐਲਾਨ ਕੀਤਾ, ਜਿਸ ਨਾਲ ਸਿਹਤ ਸੰਭਾਲ ਖੇਤਰ ਵਿੱਚ ਟੈਕਸ ਵਿੱਚ ਮਹੱਤਵਪੂਰਨ ਕਟੌਤੀ ਕਰਕੇ, ਆਮ ਆਦਮੀ ਨੂੰ ਵੱਡੀ ਰਾਹਤ ਦਿੱਤੀ ਗਈ। ਕੌਂਸਲ ਨੇ ਆਯੁਰਵੇਦ, ਯੂਨਾਨੀ ਅਤੇ ਹੋਮਿਓਪੈਥੀ ਨਾਲ ਸਬੰਧਤ ਵੱਖ-ਵੱਖ ਦਵਾਈਆਂ 'ਤੇ ਟੈਕਸ 12 ਫ਼ੀਸਦੀ ਤੋਂ ਘਟਾ ਕੇ, 5 ਫ਼ੀਸਦੀ ਕਰ ਦਿੱਤਾ ਏ। ਇਸ ਤੋਂ ਇਲਾਵਾ, ਮੈਡੀਕਲ, ਦੰਦਾਂ ਅਤੇ ਪਸ਼ੂਆਂ ਦੀਆਂ ਜ਼ਰੂਰਤਾਂ ਲਈ ਉਪਕਰਣਾਂ 'ਤੇ ਵੀ ਜੀਐਸਟੀ ਨੂੰ 18 ਫ਼ੀਸਦੀ ਤੋਂ ਘਟਾ ਕੇ, 5 ਫ਼ੀਸਦੀ ਕਰ ਦਿੱਤਾ ਗਿਆ ਏ।ਦਵਾਈਆਂ 'ਤੇ ਜੀਐਸਟੀ ਘਟਾਉਣ ਨਾਲ ਹਸਪਤਾਲਾਂ 'ਤੇ ਬੋਝ ਘੱਟ ਹੋਣ ਦੀ ਉਮੀਦ ਏ, ਜਿਸ ਨਾਲ ਮਰੀਜ਼ਾਂ, ਖਾਸ ਕਰਕੇ ਘੱਟ ਆਮਦਨ ਵਾਲੇ ਪਰਿਵਾਰਾਂ ਨੂੰ ਫਾਇਦਾ ਹੋਵੇਗਾ। ਮੈਡੀਕਲ ਉਪਕਰਣਾਂ 'ਤੇ ਨਵੀਆਂ ਦਰਾਂ, ਫਾਰਮਾ ਅਤੇ ਮੈਡੀਕਲ ਉਪਕਰਣ ਖੇਤਰਾਂ ਵਿੱਚ ਘਰੇਲੂ ਨਿਰਮਾਣ ਦਾ ਸਮਰਥਨ ਕਰਨਗੀਆਂ, ਜਿਸ ਨਾਲ ਸਿਹਤ ਸੰਭਾਲ ਵਧੇਰੇ ਪਹੁੰਚਯੋਗ ਹੋਵੇਗੀ।*

---

ਦੂਰਦਰਸ਼ਨ ਅੱਜ ਆਪਣੀ ਸ਼ਾਨਦਾਰ ਯਾਤਰਾ ਦੇ 66 ਸਾਲ ਪੂਰੇ ਕਰ ਰਿਹਾ ਏ । ਭਾਰਤ ਵਿੱਚ ਪ੍ਰਸਾਰਣ ਯੁੱਗ 15 ਸਤੰਬਰ 1959 ਨੂੰ ਦੂਰਦਰਸ਼ਨ ਨਾਲ ਸ਼ੁਰੂ ਹੋਇਆ ਸੀ। ਸਾਬਕਾ ਰਾਸ਼ਟਰਪਤੀ ਰਾਜੇਂਦਰ

ਪ੍ਰਸਾਦ ਨੇ ਇਸ ਦਿਨ ਪਹਿਲੇ ਪ੍ਰਸਾਰਣ ਦਾ ਉਦਘਾਟਨ ਕੀਤਾ ਸੀ। 1975 ਤੱਕ, ਦੂਰਦਰਸ਼ਨ ਆਕਾਸ਼ਵਾਣੀ ਦਾ ਹਿੱਸਾ ਸੀ। ਬਾਅਦ ਵਿੱਚ 1 ਅਪ੍ਰੈਲ 1976 ਨੂੰ, ਇਹ ਸੂਚਨਾ ਅਤੇ ਪ੍ਰਸਾਰਣ ਮੰਤਰਾਲੇ ਦੇ ਇੱਕ ਵੱਖਰੇ ਵਿਭਾਗ ਵਜੋਂ ਉਭਰਿਆ। ਅੱਜ, ਦੂਰਦਰਸ਼ਨ ਭਾਰਤ ਦਾ ਸਭ ਤੋਂ ਵੱਡਾ ਪ੍ਰਸਾਰਣ ਸੰਸਥਾਨ ਏ  ਜਿਸ ਕੋਲ ਸਟੂਡੀਓ ਅਤੇ ਟ੍ਰਾਂਸਮੀਟਰਾਂ ਦਾ ਵਿਸ਼ਾਲ ਨੈੱਟਵਰਕ ਏ । ਇਹ ਟੈਲੀਵਿਜ਼ਨ, ਔਨਲਾਈਨ ਅਤੇ ਮੋਬਾਈਲ ਸੇਵਾਵਾਂ ਪ੍ਰਦਾਨ ਕਰਦਾ ਏ , ਜੋ ਕਿ ਮਹਾਂਨਗਰੀ ਅਤੇ ਖੇਤਰੀ ਦੇ ਨਾਲ-ਨਾਲ ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਦਰਸ਼ਕਾਂ ਤੱਕ ਪਹੁੰਚਦੀਆਂ ਹਨ।

---------------------------------------------------------------------------------

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਅਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਅੱਜ ਇੰਜੀਨੀਅਰ ਦਿਵਸ ਦੇ ਮੌਕੇ 'ਤੇ ਭਾਰਤ ਰਤਨ ਐਮ.  ਸ਼ਵੇਸ਼ਵਰਾਇਆ ਨੂੰ ਸ਼ਰਧਾਂਜਲੀ ਭੇਟ ਕੀਤੀ ਏ । ਇੱਕ ਸੋਸ਼ਲ ਮੀਡੀਆ ਪੋਸਟ ਵਿੱਚ, ਸ਼੍ਰੀ ਮੋਦੀ ਨੇ ਕਿਹਾ ਕਿ ਸ਼੍ਰੀ ਵਿਸ਼ਵੇਸ਼ਵਰਾਇਆ ਦੀ ਪ੍ਰਤਿਭਾ ਨੇ ਭਾਰਤ ਦੇ ਇੰਜੀਨੀਅਰਿੰਗ ਦ੍ਰਿਸ਼ 'ਤੇ ਇੱਕ ਅਮਿੱਟ ਛਾਪ ਛੱਡੀ ਏ । ਉਨ੍ਹਾਂ ਕਿਹਾ ਕਿ ਇੰਜੀਨੀਅਰ ਇੱਕ ਵਿਕਸਤ ਭਾਰਤ ਦੇ ਨਿਰਮਾਣ ਲਈ ਸਮੂਹਿਕ ਉਪਰਾਲਿਆਂ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਰਹਿਣਗੇ। ਸ਼੍ਰੀ ਮੋਦੀ ਨੇ ਉਨ੍ਹਾਂ ਸਾਰੇ ਇੰਜੀਨੀਅਰਾਂ ਨੂੰ ਸ਼ੁਭਕਾਮਨਾਵਾਂ ਵੀ ਦਿੱਤੀਆਂ ਜੋ

ਆਪਣੀ ਰਚਨਾਤਮਕਤਾ ਅਤੇ ਦ੍ਰਿੜਤਾ ਦੁਆਰਾ ਨਵੀਨਤਾ ਨੂੰ ਅੱਗੇ ਵਧਾ ਰਹੇ ਨੇ ਅਤੇ ਵੱਖ-ਵੱਖ ਖੇਤਰਾਂ ਵਿੱਚ ਸਖ਼ਤ ਚੁਣੌਤੀਆਂ ਦਾ ਸਾਹਮਣਾ ਕਰ ਰਹੇ ਨੇ । ਇਸ ਦੌਰਾਨ, ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਐਮ. ਵਿਸ਼ਵੇਸ਼-ਵਰਾਇਆ ਨੂੰ ਇੱਕ ਮਹਾਨ ਇੰਜੀਨੀਅਰ ਦੱਸਿਆ। ਇੱਕ ਸੋਸ਼ਲ ਮੀਡੀਆ ਪੋਸਟ ਵਿੱਚ, ਉਨ੍ਹਾਂ ਨੇ ਸਾਰੇ ਇੰਜੀਨੀਅਰਾਂ ਦੀ ਪ੍ਰਸ਼ੰਸਾ ਕੀਤੀ। ਉਨ੍ਹਾਂ ਕਿਹਾ ਕਿ ਇੰਜੀਨੀਅਰਾਂ ਦਾ ਦ੍ਰਿਸ਼ਟੀਕੋਣ, ਨਵੀਨਤਾ ਅਤੇ ਸਮਰਪਣ ਦੇਸ਼ ਨੂੰ ਤੇਜ਼ੀ ਨਾਲ ਤਕਨੀਕੀ ਤਰੱਕੀ ਦੇ ਸਿਖਰ 'ਤੇ ਲੈ ਜਾ ਰਿਹਾ ਏ ।

------------------------------------------------------------------------------

ਅੱਜ, ਇਕ ਵਿਸ਼ੇਸ਼ ਲੜੀ - "ਸੇਵਾ ਪਰਵ" ਵਿੱਚ,ਜਲੰਧਰ ਦੀ ਖੇਤਰੀ ਸਮਾਚਾਰ ਇਕਾਈ ਪੇਸ਼ ਕਰ ਰਹੀ ਏ 'ਆਤਮ-ਨਿਰਭਰ ਭਾਰਤ' ਬਾਰੇ ਇਕ 'ਵਿਚਾਰ ਚਰਚਾ' । ਤੁਸੀਂ ਇਸ ਵਿਚਾਰ ਚਰਚਾ ਨੂੰ - ਆਕਾਸ਼ਵਾਣੀ ਦੇ ਪ੍ਰਾਇਮਰੀ ਚੈਨਲ 873 ਕਿਲੋ ਹਰਟਜ਼, FM 100.8 ਹਰਟਜ਼ ਅਤੇ FM 100.9 ਹਰਟਜ਼ 'ਤੇ ਆਕਾਸ਼ਵਾਣੀ ਪੰਜਾਬ ਮੋਬਾਈਲ ਐਪ NEWSONAIR 'ਤੇ ਰਾਤ 8 ਵੱਜੇ ਸੁਣ ਸਕਦੇ ਹੋ ।

------------------------------------------------------------------------------

ਭਾਰਤੀ ਜਨਤਾ ਪਾਰਟੀ ਨੇ ਆਫ਼ਤ ਪ੍ਰਬੰਧਨ ਲਈ ਪ੍ਰਾਪਤ 12 ਹਜ਼ਾਰ ਕਰੋੜ ਰੁਪਏ ਨੂੰ ਲੈ ਕੇ ਆਮ ਆਦਮੀ ਪਾਰਟੀ ਅਤੇ ਪੰਜਾਬ ਸਰਕਾਰ

ਖਿਲਾਫ, ਪਠਾਨਕੋਟ ਤੇ ਮੋਹਾਲੀ ਸਮੇਤ ਸੂਬੇ ਭਰ 'ਚ ਪ੍ਰਦਰਸ਼ਨ ਕੀਤਾ । ਇਸਦਾ ਉਦੇਸ਼ ਲੋਕਾਂ ਨੂੰ ਪੰਜਾਬ ਵਿੱਚ ਮੌਜੂਦਾ ਹੜ੍ਹਾਂ ਕਾਰਨ ਹੋਏ ਨੁਕਸਾਨ ਬਾਰੇ ਭਗਵੰਤ ਮਾਨ ਸਰਕਾਰ ਦੀ ਉਦਾਸੀਨਤਾ, ਦੁਚਿੱਤੀ ਵਾਲੀ ਕਾਰਜਸ਼ੈਲੀ ਅਤੇ ਫੰਡਾਂ ਦੇ  ਮਾੜੇਪ੍ਰਬੰਧ ਤੋਂ ਜਾਣੂ ਕਰਵਾਉਣਾ ਸੀ ਅਤੇ ਕੈਗ ਰਿਪੋਰਟ ਅਨੁਸਾਰ ਕੇਂਦਰੀ ਆਫ਼ਤ ਪ੍ਰਬੰਧਨ ਦੇ 12000 ਕਰੋੜ ਰੁਪਏ ਦੀ ਰਕਮ ਦੇਣ ਤੋਂ ਸਰਕਾਰ ਵੱਲੋਂ ਇਨਕਾਰ ਕਰਨ ਬਾਰੇ ਦੱਸਣਾ ਸੀ । ਇਸ ਮੌਕੇ ਸਰਕਾਰ ਵਿਰੁੱਧ ਨਾਅਰੇਬਾਜ਼ੀ ਕੀਤੀ ਗਈ ਅਤੇ ਹੜ੍ਹ ਪੀੜਤਾਂ ਦੀ ਸਮੇਂ ਸਿਰ ਦੇਖਭਾਲ ਨਾ ਕਰਨ ਲਈ ਸਰਕਾਰ ਦੀ ਆਲੋਚਨਾ ਕੀਤੀ ਗਈ ਅਤੇ ਆਫ਼ਤ ਰਾਹਤ ਤੁਰੰਤ ਜਾਰੀ ਕਰਨ ਦੀ ਮੰਗ ਕੀਤੀ ਗਈ। ਸਾਰਿਆਂ ਨੇ ਆਪਣੇ ਹੱਥਾਂ ਵਿੱਚ ਵਿਰੋਧ ਪ੍ਰਦਰਸ਼ਨ ਨਾਲ ਸਬੰਧਤ ਪੋਸਟਰ ਵੀ ਫੜੇ ਹੋਏ ਸਨ। BJP ਦੇ ਸਾਬਕਾ ਜ਼ਿਲ੍ਹਾ ਪ੍ਰਧਾਨ ਅਨਿਲ ਰਾਮਪਾਲ ਅਤੇ ਮੰਡਲ ਪ੍ਰਧਾਨ ਅਮਨ ਸ਼ਰਮਾ ਨੇ ਪੰਜਾਬ ਸਰਕਾਰ 'ਤੇ ਆਫ਼ਤ ਪ੍ਰਬੰਧਨ ਲਈ ਜਾਰੀ ਕੀਤੇ ਗਏ ਫੰਡਾਂ ਬਾਰੇ ਲੋਕਾਂ ਨੂੰ ਗੁੰਮਰਾਹ ਕਰਨ ਦਾ ਦੋਸ਼ ਲਗਾਇਆ ਅਤੇ ਇਸਦੀ ਜਾਂਚ ਦੀ ਮੰਗ ਕੀਤੀ। ਮੁਹਾਲੀ ਵੱਲੋ ਖਰੜ ਵਿਖੇ ਰੋਸ ਪ੍ਰਦਰਸ਼ਨ ਵੱਖ ਵੱਖ ਬਾਜ਼ਾਰਾਂ, ਸੜਕਾਂ ਤੇ ਗਲੀ ਮੁਹਲਿਆਂ ਚ ਰੈਲੀ ਕੱਢੀ ਗਈ ਅਤੇ ਸਰਕਾਰ ਖ਼ਿਲਾਫ਼ ਨਾਅਰੇਬਾਜ਼ੀ ਕੀਤੀ ਗਈ । ਰੈਲੀ ਵਿੱਚ BJP ਦੇ ਕਈ ਉੱਘੇ ਨੇਤਾ, ਵਰਕਰ, ਜਿਨ੍ਹਾਂ ਵਿਚ ਮਹਿਲਾਵਾਂ ਵੀ ਸ਼ਾਮਲ ਸਨ।

---------------------------------------------------------------------------

- ਸਰਵਉੱਚ ਅਦਾਲਤ ਨੇ ਵਕਫ਼ ਕਾਨੂੰਨ 'ਤੇ ਰੋਕ ਲਗਾਉਣ ਤੋਂ ਇਨਕਾਰ ਕੀਤਾ -ਪਰ ਵਕਫ਼ ਸੋਧ ਐਕਟ 2025 ਦੇ ਕੁਝ ਉਪਬੰਧਾਂ ਨੂੰ ਕੀਤਾ ਮੁਅੱਤਲ ।
- ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ - ਗੰਨੇ ਦੀ ਬਕਾਇਆ ਰਾਸ਼ੀ ਜਲਦੀ ਜਾਰੀ ਕੀਤੀ ਜਾਵੇਗੀ-ਸਬੰਧਤ ਵਿਭਾਗਾਂ ਨੂੰ, ਕਿਸਾਨ ਸੰਗਠਨਾਂ ਦੀਆਂ ਜਾਇਜ਼ ਮੰਗਾਂ ਦੇ ਜਲਦ ਹੱਲ ਲਈ ਦਿੱਤੇ ਨਿਰਦੇਸ਼I
- ਸਿਹਤ ਮੰਤਰੀ ਡਾ. ਬਲਬੀਰ ਸਿੰਘ ਵੱਲੋਂ ਐਂਟੀ-ਬਾਇਓਟਿਕਸ ਦਵਾਈਆਂ ਦੀ ਲੋੜ ਤੋਂ ਵੱਧ ਵਰਤੋਂ ਨੂੰ ਰੋਕਣ ਲਈ ਵਿਆਪਕ ਯੋਜਨਾ ਦੀ ਸ਼ੁਰੂਆਤ I
- ਭਾਰਤੀ ਰਾਸ਼ਟਰੀ ਅਦਾਇਗੀ ਕਾਰਪੋਰੇਸ਼ਨ ਨੇ ਅੱਜ ਤੋਂ ਲਾਗੂ ਹੋਣ ਵਾਲੀਆਂ ਨਿਰਧਾਰਤ ਸ਼੍ਰੇਣੀਆਂ ਵਿੱਚ ਵਿਅਕਤੀ-ਤੋਂ-ਵਪਾਰੀ ਲੈਣ-ਦੇਣ ਲਈ ਪ੍ਰਤੀ-ਲੈਣ-ਦੇਣ ਹੱਦ ਵਧਾ ਕੇ 5 ਲੱਖ ਰੁਪਏ ਕੀਤੀ I ਅਤੇ
- ਦੂਰਦਰਸ਼ਨ ਅੱਜ ਆਪਣੀ ਸ਼ਾਨਦਾਰ ਯਾਤਰਾ ਦੇ 66 ਸਾਲ ਪੂਰੇ ਕਰ ਰਿਹਾ ਏ ।

ਇਸਦੇ ਨਾਲ  ਪ੍ਰਦੇਸ਼ਕ ਖਬਰਾਂ ਦਾ ਇਹ ਬੁਲੇਟਿਨ ਖਤਮ ਹੋਇਆ, ਰਾਸ਼ਟ
ਰੀ ਖਬਰਾਂ ਦਾ  ਅਗਲਾ  ਬੁਲੇਟਿਨ ਤੁਸੀਂ ਸੁਣੋਗੇ 7 ਵੱਜਕੇ 30 ਮਿੰਟ  'ਤੇ
ਨਮਸਕਾਰ  !